ਇਗਨਾਜ਼ਿਓ ਸਿਲੋਨੀ ਦਾ

ਸੰਸਾਰ ਪ੍ਰਸਿਧ ਨਾਵਲ

# ਫਾਂਟਾਮਾਰਾ

ਨਰਿੰਦਰ ਸਿੰਘ ਸੋਚ

G.582

ਪਿੰਡਾਂ ਦੇ ਜੀਵਨ ਦੀ
ਲਹੂ ਭਰੀ ਕਹਾਣੀ

ਲਾਹੌਰ ਬੁਕਸ਼ਾਪ ਨਿਸਬਤ ਰੋਡ ਲਾਹੌਰ
ਤੇ
ਸ਼ਹੀਦ ਮਾਰਕੀਟ ਅੰਮ੍ਰਿਤਸਰ

29835

## ਸੰਸਾਰ ਪ੍ਰਸਿਧ ਨਾਵਲ

| | | |
|---|---|---|
| ਸਮਾਜ ਦਾ ਨਰਕ | | ੩।) |
| ਮਜ਼ਦੂਰ | ਦੂਜੀ ਐਡੀਸ਼ਨ | ੩॥) |
| ਕੈਦੀ | ਦੂਜੀ ਐਡੀਸ਼ਨ | ੩) |
| ਮਾਂ | ਦੂਜੀ ਐਡੀਸ਼ਨ | ੩) |
| ਫਾਂਸੀ | ਦੂਜੀ ਐਡੀਸ਼ਨ | ੩) |
| ਸਤ ਖੂਨੀ ਐਤਵਾਰ | | ੩) |
| ਨਾਨਕ ਸਿੰਘ ਦੀ ਦੁਨੀਆਂ | | ੩) |
| ਲਾਲ ਹਨੇਰੀ | | ੧॥) |
| ਰਾਹ ਜਾਂਦਿਆਂ | | ੨) |
| ਸ਼ਾਮਾਂ ਪੈ ਗਈਆਂ | ਦੂਜੀ ਐਡੀਸ਼ਨ | ੨) |
| ਗੀਤਾਂਜਲੀ | ਦੂਜੀ ਐਡੀਸ਼ਨ | ੨) |
| ਦੁਨੀਆਂ ਵਿਚ ਪਹਿਲੀ ਮੌਤ | | ੧॥) |
| ਤਾਰੇ ਗਿਣਦਿਆਂ | | ੨) |
| ਜ਼ਿੰਦਗੀ | | ੧। = ) |

ਛਪ ਰਹੀਆਂ:—

| | |
|---|---|
| ਨੋਬਲ ਪ੍ਰਾਈਜ਼ ਲੈਣ ਵਾਲੇ | ੨॥) |
| ਬਲਦਾ ਇਤਹਾਸ | ੨) |
| ਸ਼ੈਕਸਪੀਅਰ ਦੀਆਂ ਕਹਾਣੀਆਂ | ੨) |

**ਜੀਵਨ-ਮੰਦਰ**

ਅੰਮ੍ਰਿਤਸਰ

## ਮੁਢ

ਇਹ ਨਾਵਲ ਸੰਸਾਰ ਦੇ ਅਗਾਂਹ-ਵਧੂ ਨਾਵਲਾਂ ਵਿਚ ਗਿਣਿਆ ਜਾਂਦਾ ਹੈ। ਅਗਾਂਹ-ਵਧੂ ਨਾਵਲ ਜ਼ਿੰਦਗੀ ਦੀ ਨਵੇਂ ਦ੍ਰਿਸਟੀ-ਕੋਣ ਤੋਂ ਪੜਤਾਲ ਕਰਦਾ ਹੈ। ਉਸ ਦੀ ਬੋਲੀ ਨਿੱਮਤੇਤੁੱਮੇ ਵਰਗੀ ਸਖਤ ਕੋੜੀ ਹੁੰਦੀ ਹੈ, ਪਰ ਉਹ ਦੱਬਿਆ ਅਤੇ ਲੁਕਿਆ ਸਚ ਪ੍ਰਗਟ ਕਰਦਾ ਹੈ। ਪ੍ਰਚਲਤ ਸਚ, ਪ੍ਰਚਲਤ ਇਨਸਾਫ, ਪ੍ਰਚਲਤ ਮਜ਼ੁਬ ਤੇ ਉਹ ਟੋਕਾਂ ਕਰਦਾ ਹੈ। ਜੀਵਨ ਨੂੰ ਉਕਾ ਨੰਗਾ ਕਰਕੇ ਬਿਆਨਣਾ ਅਗਾਂਹ ਵਧੂ ਸਾਹਿੱਤ ਦਾ ਕੇਂਦਰੀ ਨੁਕਤਾ ਹੈ।

ਇਹ ਨਾਵਲ ਇਟਲੀ ਦੇ ਇਕ ਪਿੰਡ ਦਾ ਜੀਵਨ ਹੈ। ਅਜੇਹੇ ਪਿੰਡ ਦਾ, ਜਿਹੜਾ ਪਿੰਡਾਂ ਵਾਂਗ ਭੁਖੇ, ਨੰਗੇ ਤੇ ਦੁਖੀ ਕਿਸਾਨਾਂ ਨੂੰ ਕੁਝ ਝੋਂਪੜੀਆਂ ਵਿਚ ਲੁਕਾ ਕੇ ਰਖਦਾ ਹੈ। ਉਸ ਵਿਚ ਬੰਦੇ ਜੰਮਦੇ ਹਨ, ਪਰ ਪਸ਼ੂ ਬਣਨ ਲਈ। ਜਵਾਨੀ ਆਉਂਦੀ ਹੈ, ਪਰ ਕੁਚਲੀ ਜਾਣ ਲਈ। ਭੁਰਾ ਇਕੱਠੇ ਹੁੰਦੇ ਹਨ, ਗੰਦੀਆਂ ਗਾਹਲਾਂ ਕਢਣ ਲਈ। ਘਸੁੰਨ ਮੁਕੀ ਕਰਨ

ਲਈ, ਡਾਂਗਾਂ ਚਲਾਉਣ ਲਈ। ਇਟਲੀ ਦੀ ਨਵੀਂ ਸਰਕਾਰ ਕਿਸਾਨਾਂ ਲਈ ਕੀ ਕਰਦੀ ਹੈ? ਕਾਗਜ਼ਾਂ ਵਿਚ ਸਵਰਗ ਅਤੇ ਅਮਲ ਵਿਚ ਨਰਕ।

ਇਕ ਝੀਲ ਫਿਯੂਸਿਨੋ ਵਿਚ ਦਸ ਹਜ਼ਾਰ ਕਿਸਾਨ ਕੰਮ ਕਰਦੇ ਹਨ। ਜਿਹੜੀ ਇਟਲੀ ਵਿਚ ਉਪਜਾਊ-ਧਰਤੀਆਂ ਵਿਚੋਂ ਇਕ ਹੈ। ਮਜ਼ਦੂਰਾਂ ਦੇ ਆਉਣ ਤੇ ਜਾਣ ਵੇਲੇ ਇਕ ਪੁਲ ਬਣਾ ਦਿਤਾ ਜਾਂਦਾ ਹੈ, ਤੇ ਰਾਤ ਨੂੰ ਉਸ ਨੂੰ ਚੁਕ ਲਿਆ ਜਾਂਦਾ ਹੈ। ਕਾਮੇ ਭੁਖੇ ਮਰਦੇ ਹਨ, ਪਰ ਉਹਨਾਂ ਦੀ ਮੇਹਨਤ ਦਾ ਫਲ ਬੋਰੀਆਂ ਭਰੀਆਂ ਹੋਈਆਂ ਸ਼ਹਿਰਾਂ ਵਿਚ ਆ ਜਾਂਦੀਆਂ ਹਨ।

ਇਹ ਝੀਲ ਸੁਕਾ ਕੇ ਉਪਜਾਊ ਜ਼ਮੀਨ ਬਣਾਈ ਗਈ, ਅਮੀਰੀ ਕਰਕੇ ਬਣਿਆ ਰਾਜ-ਕੁਮਾਰ ਇਹ ਜ਼ਮੀਨ ਵਕੀਲਾਂ,ਬੈਰਿਸਟਰਾਂ,ਡਾਕਟਰਾਂ, ਮਾਸਟਰਾਂ ਤੇ ਅਮੀਰ ਜਾਗੀਰਦਾਰਾਂ ਨੂੰ ਹੀ ਠੇਕੇ ਉਪਰ ਦੇਂਦਾ ਹੈ। ਉਹ ਅਗੇ ਕਾਮਿਆਂ ਤੋਂ ਕੰਮ ਲੈਂਦੇ ਹਨ। ਕਾਮਿਆਂ ਦਾ ਭੀ ਸਬਜ਼ੀ ਵਾਂਗ ਬਜ਼ਾਰ ਲਗਦਾ ਹੈ। ਲੋਕ ਚੰਗੇ ਸਰੀਰ ਵਾਲੇ ਅਤੇ ਗਭਰੂ ਕਾਮੇ ਚੁਣ ਕੇ ਲੈ ਜਾਂਦੇ ਹਨ। ਭੁਖੀ ਜਵਾਨੀ ਕੰਮ ਕਰ ਕਰ ਕੇ ਝਟ ਬੁਢੀ ਹੋ ਜਾਂਦੀ ਹੈ। ਏਹਨਾਂ ਦੀ ਮਿਹਨਤ ਕਰਕੇ ਏਨੇ ਟੁਕੜੇ ਵਿਚ ਚਾਲੀ ਹਜ਼ਾਰ ਮਿਠਾ ਚੁਕੰਦਰ, ਪੰਦਰਾਂ ਹਜ਼ਾਰ ਟੰਨ ਅਨਾਜ ਅਤੇ ਦੋ ਹਜ਼ਾਰ ਟੰਨ ਸਬਜ਼ੀਆਂ ਹੁੰਦੀਆਂ ਹਨ। ਇਹ ਸਾਰਾ ਮਾਲ ਕਾਰਖਾਨਿਆਂ ਵਿਚ ਜਾਂਦਾ ਹੈ ਤੇ ਮਸ਼ੀਨ ਵਿਚ ਹੋ ਕੇ ਕਈ ਗੁਣਾਂ ਕੀਮਤ ਵਧਾ ਕੇ ਫਿਰ ਉਹਨਾਂ ਕਿਸਾਨਾਂ ਕੋਲੋਂ ਵੀਹ ਵੀਹ ਗੁਣਾ ਵਧ ਪੈਸੇ ਲੈ ਕੇ ਤਰਸੇਵੇਂ ਦਾ ਕਦੇ ਕਦੇ ਕੁਝ ਮਿਲਦਾ ਹੈ।

ਫਾਂਟਾ ਮਾਰਾ ਨਾਮੇਂ ਪਿੰਡ ਨੂੰ ਕੋਈ ਨਕਸ਼ੇ ਵਿਚ ਲਭ ਨਹੀਂ ਸੀ ਸਕਦਾ, ਪਰ ਕੁਝ ਘਟਨਾਵਾਂ ਕਰਕੇ ਇਹ ਦੁਨੀਆਂ ਦੇ ਕੋਨੇ ਕੋਨੇ ਵਿਚ ਪਹੁੰਚ ਗਿਆ ਹੈ। ਉਹ ਘਟਨਾਵਾਂ ਕੀ ਹਨ? ਇਹ ਸਾਰਾ ਨਾਵਲ।

ਇਸ ਦੇ ਲੇਖਕ ਨੇ ਇਸ ਪਿੰਡ ਲਾਗੇ ਵੀਹ ਸਾਲ ਜੀਵਨ ਜੀਵਿਆ ਹੈ ਅਤੇ ਜਦੋਂ ਇਹ ਬਰਬਾਦ ਹੋਇਆ, ਫਿਰ ਹਡ-ਬੀਤੀਆਂ ਸੁਣ ਕੇ ਲਿਖਿਆ। ਲੇਖਕ ਆਪ ਲਿਖਦਾ ਹੈ, "ਫਾਂਟਾਮਾਰਾ ਉਪਰ



ਜ਼ੁਲਮਾਂ ਦੀ ਕਹਾਣੀ ਮੈਂ ਭੁਲਣ ਹੀ ਵਾਲਾ ਸਾਂ ਕਿ ਅਚਾਨਕ ਇਕ ਦਿਨ ਤਿੰਨ ਮਨੁਖ ਸ਼ਾਮ ਦੇ ਹਨੇਰੇ ਵਿਚ ਮੈਂ ਆਪਣੇ ਬੂਹੇ ਅਗੇ ਵੇਖੇ, ਦੋ ਮਨੁਖ ਅਤੇ ਇਕ ਤੀਵੀਂ।

"ਵੇਖਦੇ ਸਾਰ ਮੈਂ ਪਛਾਣ ਲਿਆ। ਇਹ ਫਾਂਟਾਮਾਰਾ ਦੇ ਵਸਨੀਕ ਹਨ। ਉਹ ਦੋਵੇਂ ਪਤੀ ਪਤਨੀ ਸਨ ਤੇ ਗਭਰੂ ਉਹਨਾਂ ਦਾ ਲੜਕਾ ਸੀ। ਅਰੰਭ ਬੁਢੇ ਨੇ ਕੀਤਾ, ਫਿਰ ਉਸਦੀ ਇਸਤ੍ਰੀ ਸੁਣਾਉਣ ਲਗੀ। ਕਹਾਣੀ ਵਿਚ ਤਿੰਨ ਵਾਰ ਬੁਢੇ ਨੂੰ ਉਸ ਦੀ ਤੀਵੀਂ ਨੇ ਆਪ ਕਹਾਣੀ ਕਹਿ ਕੇ ਸਹਾਇਤਾ ਦਿਤੀ। ਇਕ ਦਰਦਨਾਕ ਕਾਂਡ ਲੜਕੇ ਨੇ ਸੁਣਾਇਆ ਅਤੇ ਅੰਤ ਭੀ ਫਿਰ ਬੁਢੇ ਨੇ ਕੀਤਾ। ਉਧਰ ਕਹਾਣੀ ਦਾ ਅੰਤ ਹੋਇਆ ਤੇ ਉਧਰੋਂ ਦਿਨ ਚੜ੍ਹ ਆਇਆ ਸੀ।

"ਪਿੰਡਾਂ ਵਾਲੇ ਗਾਉਂਦੇ ਨਹੀਂ, ਸੋਹਾਂ ਖਾਂਦੇ ਹਨ, ਸੌਂਹ ਉਹ ਰਾਹ ਜਾਂਦੇ ਖਾ ਜਾਂਦੇ ਹਨ। ਉਹਨਾਂ ਕੋਲ ਕੋਈ ਸੋਹਣੀਆਂ ਕਲਪਨਾਂ ਨਹੀਂ ਹਨ, ਉਹ ਦੋ ਤਿੰਨ ਮੰਤਾਂ ਦੇ ਨਾਮ ਜਾਣਦੇ ਹਨ ਤੇ ਉਹ ਭੀ ਕੇਵਲ ਸੌਂਹ ਖਾਣ ਕਰਕੇ ਯਾਦ ਰਖਦੇ ਹਨ। ਮੇਰੀ ਜਵਾਨੀ ਵਿਚ ਫਾਂਟਾਮਾਰਾ ਵਿਚ ਕੇਵਲ ਇਕ ਗਭਰੂ ਗਾਉਣ ਵਾਲਾ ਸੀ। ਉਹ ਮੋਚੀ ਸੀ ਅਤੇ ਫੌਜ ਵਿਚ ਜਾ ਕੇ ਇਥੋਪੀਨੀਆਂ ਨਾਲ ਲੜਿਆ ਸੀ।

"ਸਾਲ ਦੇ ਬਾਰਾਂ ਮਹੀਨੇ ਸਵੇਰੇ ਤੇ ਸ਼ਾਮ ਨੂੰ ਬਾਲਡੀ ਸੇਰਾ ਦੀ ਉਮਰ ਘਟਦੀ ਜਾਂਦੀ ਸੀ ਤੇ ਨਾਲ ਹੀ ਗੀਤ ਦੀ।

"ਇਹ ਨਾਵਲ ਕਿਸੇ ਭੀ ਬੋਲੀ ਵਿਚ ਕਿਉਂ ਨਾ ਹੋਵੇ, ਪਰ ਕਹਿਣ ਦਾ ਢੰਗ ਤਾਂ ਸਾਡਾ ਹੀ ਰਹੇਗਾ। ਇਹ ਫਾਂਟਾਮਾਰਾ ਦੇ ਹੁਨਰ ਵਿਚ ਹੀ ਕਿਹਾ ਗਿਆ ਹੈ। ਜਿਸ ਹੁਨਰ ਨੂੰ ਲੰਮੀਆਂ ਤੇ ਹਨੇਰੀਆਂ ਰਾਤਾਂ ਵਿਚ ਖੱਡੀ ਦੀ ਠੱਕ ਠੱਕ ਨਾਲ ਮੈਂ ਸਿਖਿਆ ਹੈ।

"ਕਹਾਣੀ ਕਹਿਣ ਦਾ ਹੁਨਰ ਇਕ ਸ਼ਬਦ ਪਿਛੋਂ ਦੂਜਾ ਸ਼ਬਦ,ਇਕ ਵਾਕ ਪਿਛੋਂ ਦੂਜਾ ਵਾਕ, ਬਣਾਉਣ ਦਾ ਹੁਨਰ ਪੁਰਾਣੇ ਹੁਨਰ ਵਾਂਗ ਹੀ ਹੈ। ਉਸ ਪੁਰਾਣੇ ਹੁਨਰ ਵਾਂਗ,ਜਿਸ ਵਿਚ ਇਕ ਧਾਗੇ ਪਿਛੋਂ ਦੂਜਾ ਧਾਗਾ ਅਤੇ ਇਕ ਰੰਗ ਪਿਛੋਂ ਦੂਜਾ ਰੰਗ ਸਫਾਈ ਨਾਲ ਸੰਭਾਲ ਕੇ ਰੱਖਿਆ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.